# ਵਿਲੀਅਮ ਲੈਬੋਵ ਦਾ ਜੀਵਨ ਅਤੇ ਸਮਾਜ-ਭਾਸ਼ਾ ਵਿਗਿਆਨ ਦੇ ਅਧਾਰ



ਕਰਮਜੀਤ ਕੌਰ
ਖੋਜਾਰਥੀ, ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ
karamjeet15315@gmail.com

ਵਿਲੀਅਮ ਲੈਬੋਵ ਨੇ ਸਮਾਜ-ਭਾਸ਼ਾ ਵਿਗਿਆਨ ਨੂੰ ਵਿਗਿਆਨਕ ਆਧਾਰ ਪ੍ਰਦਾਨ ਕੀਤਾ। ਉਨ੍ਹਾਂ ਤੋਂ ਪਹਿਲਾਂ ਭਾਸ਼ਾ ਦਾ ਅਧਿਐਨ ਮੁੱਖ ਤੌਰ 'ਤੇ ਵਿਆਕਰਣਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਕੀਤਾ ਜਾਂਦਾ ਸੀ, ਪਰ ਲੈਬੋਵ ਨੇ ਸਾਬਤ ਕੀਤਾ ਕਿ ਭਾਸ਼ਾ ਦਾ ਅਸਲ ਰੂਪ ਸਮਾਜ ਵਿੱਚ ਬੋਲਣ ਵਾਲੇ ਲੋਕਾਂ ਦੀ ਰੋਜ਼ਾਨਾ ਬੋਲਚਾਲ ਵਿੱਚੋਂ ਪ੍ਰਗਟ ਹੁੰਦਾ ਹੈ। ਉਨ੍ਹਾਂ ਅਨੁਸਾਰ ਭਾਸ਼ਾਈ ਵਿਭਿੰਨਤਾ (linguistic variation) ਬੇਤਰਤੀਬ ਨਹੀਂ, ਸਗੋਂ ਸਮਾਜਿਕ ਪਹਿਲੂਆਂ ਦੁਆਰਾ ਲਗਾਤਾਰ ਇੱਕ ਸਲੀਕੇਬੱਧ ਪ੍ਰਕਿਰਿਆ ਹੈ। ਉਨ੍ਹਾਂ ਦੇ ਸਿਧਾਂਤਾਂ ਨੇ ਭਾਸ਼ਾ, ਸਮਾਜ ਅਤੇ ਸੱਭਿਆਚਾਰ ਦੇ ਆਪਸੀ ਸੰਬੰਧਾਂ ਨੂੰ ਸਮਝਣ ਲਈ ਨਵਾਂ ਵਿਗਿਆਨਕ ਢਾਂਚਾ ਪ੍ਰਦਾਨ ਕੀਤਾ।

## ਜੀਵਨ ਬਾਰੇ

ਵਿਲੀਅਮ ਲੈਬੋਵ (William Labov) ਦਾ ਜਨਮ 4 ਦਸੰਬਰ 1927[1] ਨੂੰ ਸੰਯੁਕਤ ਰਾਜ ਅਮਰੀਕਾ ਦੇ ਨਿਊ ਜਰਸੀ ਰਾਜ ਦੇ ਰਦਰਫੋਰਡ (Rutherford, New Jersey) ਵਿੱਚ ਹੋਇਆ। ਉਹ ਆਧੁਨਿਕ ਸਮਾਜ-ਭਾਸ਼ਾ ਵਿਗਿਆਨ (Modern Sociolinguistics) ਦੇ ਸਭ ਤੋਂ ਪ੍ਰਭਾਵਸ਼ਾਲੀ ਵਿਦਵਾਨਾਂ ਵਿੱਚੋਂ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਨੂੰ "ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਦਾ ਪਿਤਾਮਾ"[2] (Father of Modern Sociolinguistics) ਕਿਹਾ ਜਾਂਦਾ ਹੈ। ਉਨ੍ਹਾਂ ਦੀ ਭੂਮਿਕਾ ਭਾਸ਼ਾ ਦੀ ਸਮਾਜਿਕ ਵਿਭਿੰਨਤਾ (Linguistic Variation), ਭਾਸ਼ਾਈ ਪਰਿਵਰਤਨ (Language Change) ਅਤੇ ਬੋਲਚਾਲ ਦੇ ਵਿਗਿਆਨਕ ਅਧਿਐਨ ਨੂੰ ਇੱਕ ਸੁਤੰਤਰ ਅਤੇ ਪ੍ਰਮਾਣ-ਆਧਾਰਿਤ ਖੋਜ ਖੇਤਰ ਸਥਾਪਿਤ ਕਰਨ ਵਿੱਚ ਰਹੀ ਹੈ।

ਲੈਬੋਵ ਨੇ ਆਪਣੇ ਸ਼ੁਰੂਆਤੀ ਪੇਸ਼ੇਵਰ ਜੀਵਨ ਵਿੱਚ ਰਸਾਇਣ ਉਦਯੋਗ ਵਿੱਚ ਕੰਮ ਕੀਤਾ। ਭਾਸ਼ਾ ਪ੍ਰਤੀ ਗਹਿਰੀ ਦਿਲਚਸਪੀ ਕਾਰਨ ਉਨ੍ਹਾਂ ਨੇ ਬਾਅਦ ਵਿੱਚ ਭਾਸ਼ਾ ਵਿਗਿਆਨ ਦਾ ਅਧਿਐਨ ਸ਼ੁਰੂ ਕੀਤਾ ਅਤੇ ਖੋਜ ਨੂੰ ਆਪਣਾ ਜੀਵਨ-ਕਰਮ ਬਣਾਇਆ। ਵਿਲੀਅਮ ਲੈਬੋਵ ਨੂੰ ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਦਾ ਪ੍ਰਮੁੱਖ ਸੰਸਥਾਪਕ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਸਿਧਾਂਤਾਂ ਨੇ ਭਾਸ਼ਾ ਦੇ ਅਧਿਐਨ ਨੂੰ ਇੱਕ ਨਵੇਂ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਜੋੜਿਆ, ਜਿਸ ਵਿੱਚ ਭਾਸ਼ਾ ਨੂੰ ਕੇਵਲ ਵਿਆਕਰਣਿਕ ਪ੍ਰਣਾਲੀ ਨਹੀਂ, ਸਗੋਂ ਇੱਕ ਸਮਾਜਿਕ ਵਿਹਾਰ ਵਜੋਂ ਸਮਝਿਆ ਗਿਆ।

## ਅਕਾਦਮਿਕ ਪਿਛੋਕੜ

ਵਿਲੀਅਮ ਲੈਬੋਵ ਨੇ ਆਪਣੀ ਉੱਚ ਸਿੱਖਿਆ ਹਾਰਵਰਡ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ, ਜਿੱਥੋਂ ਉਨ੍ਹਾਂ ਨੇ 1948 ਵਿੱਚ ਅੰਗਰੇਜ਼ੀ ਸਾਹਿਤ ਵਿੱਚ ਸਨਾਤਕ ਦੀ ਡਿਗਰੀ ਹਾਸਲ ਕੀਤੀ। ਕੁਝ ਸਾਲ ਉਦਯੋਗਿਕ ਖੇਤਰ ਵਿੱਚ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੇ ਕੋਲੰਬੀਆ ਯੂਨੀਵਰਸਿਟੀ ਵਿੱਚ ਭਾਸ਼ਾ ਵਿਗਿਆਨ ਦਾ ਅਧਿਐਨ ਸ਼ੁਰੂ ਕੀਤਾ ਅਤੇ ਉੱਥੋਂ ਐਮ.ਏ. ਅਤੇ ਪੀਐਚ.ਡੀ. ਦੀ ਪੜ੍ਹਾਈ ਕੀਤੀ। ਉਨ੍ਹਾਂ ਨੇ ਪੀਐਚ. ਡੀ. ਦਾ ਖੋਜ-ਕਾਰਜ **The Social Stratification of English in New York City**[3] ਵਿਸ਼ੇ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਇਆ, ਇਸ ਖੋਜ-ਕਾਰਜ ਨੇ ਭਾਸ਼ਾ ਅਤੇ ਸਮਾਜ ਦੇ ਸੰਬੰਧਾਂ ਦੇ ਅਧਿਐਨ ਨੂੰ ਨਵੀਂ ਦਿਸ਼ਾ ਦਿੱਤੀ। ਇਸ ਤੋਂ ਬਾਅਦ ਉਹ ਪੈਨਸਿਲਵੇਨੀਆ ਯੂਨੀਵਰਸਿਟੀ (University of Pennsylvania) ਵਿੱਚ ਪ੍ਰੋਫੈਸਰ ਬਣੇ, ਜਿੱਥੇ ਉਨ੍ਹਾਂ ਨੇ ਕਈ ਦਹਾਕਿਆਂ ਤੱਕ ਅਧਿਆਪਨ ਅਤੇ ਖੋਜ ਕੀਤੀ। ਉਨ੍ਹਾਂ ਦੀ ਅਗਵਾਈ ਹੇਠ ਸਮਾਜ-ਭਾਸ਼ਾ ਵਿਗਿਆਨ ਅਤੇ ਭਾਸ਼ਾਈ ਪਰਿਵਰਤਨ ਬਾਰੇ ਅਨੇਕ ਮਹੱਤਵਪੂਰਨ ਖੋਜ ਪ੍ਰੋਜੈਕਟ ਹੋਏ। ਲੈਬੋਵ ਦੀ ਖੋਜ-ਪੱਧਤੀ ਦਾ ਕੇਂਦਰ ਖੇਤਰੀ ਸਰਵੇਖਣ (Fieldwork), ਸਮਾਜ-ਭਾਸ਼ਾਈ ਇੰਟਰਵਿਊ (Sociolinguistic Interview), ਧੁਨੀ ਵਿਸ਼ਲੇਸ਼ਣ (Phonological Analysis) ਅਤੇ ਮਾਤਰਾਤਮਕ ਵਿਸ਼ਲੇਸ਼ਣ (Quantitative Analysis) ਸੀ। ਉਨ੍ਹਾਂ ਨੇ ਭਾਸ਼ਾਈ ਅੰਕੜਿਆਂ ਦੀ ਸਹਾਇਤਾ ਨਾਲ ਵਿਸ਼ਲੇਸ਼ਿਤ ਕਰਕੇ ਇਹ ਦਰਸਾਇਆ ਕਿ ਭਾਸ਼ਾਈ ਵਿਭਿੰਨਤਾ ਤਰਤੀਬ ਵਿੱਚ (systematic) ਹੁੰਦੀ ਹੈ, ਨਾ ਕਿ ਬੇਤਰਤੀਬ।

ਵਿਲੀਅਮ ਲੈਬੋਵ ਨੇ ਕਈ ਪ੍ਰਭਾਵਸ਼ਾਲੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ, ਜਿਨ੍ਹਾਂ ਨੇ ਸਮਾਜ-ਭਾਸ਼ਾ ਵਿਗਿਆਨ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹੇਠ ਲਿਖੀਆਂ ਹਨ:

1. The Social Motivation of a Sound Change (1963)
2. The Social Stratification of English in New York City (1966)
3. Sociolinguistic Patterns (1972)
4. Language in the Inner City (1972)
5. Principles of Linguistic Change, Volume 1: Internal Factors (1994)
6. Principles of Linguistic Change, Volume 2: Social Factors (2001)
7. Principles of Linguistic Change, Volume 3: Cognitive and Cultural Factors (2010)

## ਸਮਾਜ-ਭਾਸ਼ਾ ਵਿਗਿਆਨ

ਸਮਾਜ-ਭਾਸ਼ਾ ਵਿਗਿਆਨ ਭਾਸ਼ਾ ਵਰਤੋਂ ਦੇ ਸਮਾਜਿਕ ਪੱਖਾਂ ਦਾ ਅਧਿਐਨ ਕਰਦਾ ਹੈ। ਮਨੁੱਖੀ ਭਾਸ਼ਾ, ਆਪਣੀਆਂ ਸਾਰੀਆਂ ਕਿਸਮਾਂ ਅਤੇ ਰੂਪਾਂ ਵਿੱਚ, ਬੇਹੱਦ ਵਿਭਿੰਨਤਾ, ਰਚਨਾਤਮਕਤਾ ਅਤੇ ਨਵੀਂ ਸੋਚ ਲੈ ਕੇ ਆਉਂਦੀ ਹੈ। ਭਾਸ਼ਾ ਵਰਤਣ ਵਾਲੇ ਲੋਕ ਸਿਰਫ਼ ਕਿਸੇ ਭਾਸ਼ਾ ਦਾ ਬਾਹਰੀ ਰੂਪ ਹੀ ਨਹੀਂ ਸਿੱਖਦੇ, ਸਗੋਂ ਉਹ ਭਾਸ਼ਾ ਦੀ ਵਰਤੋਂ ਨਾਲ ਜੁੜੇ ਸਮਾਜਿਕ ਅਤੇ ਸੱਭਿਆਚਾਰਕ ਨਿਯਮਾਂ ਅਤੇ ਉਮੀਦਾਂ ਨੂੰ ਵੀ ਸਮਝਦੇ ਹਨ। ਇਸ ਵਿੱਚ ਇਹ ਜਾਣਨਾ ਸ਼ਾਮਲ ਹੁੰਦਾ ਹੈ ਕਿ ਆਪਣੇ ਸਮਾਜਿਕ ਸਮੂਹ, ਭਾਈਚਾਰਕ ਸਾਂਝ, ਸੱਭਿਆਚਾਰਕ ਮਾਨਤਾਵਾਂ ਅਤੇ ਸਮਾਜ ਵਿੱਚ ਸੰਚਾਰ ਕਿਵੇਂ ਕਰਨਾ ਹੈ। ਸਮਾਜ-ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਭਾਸ਼ਾ, ਸੱਭਿਆਚਾਰ ਅਤੇ ਸਮਾਜ ਇੱਕ-ਦੂਜੇ ਨੂੰ ਇਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ ਕਿ ਉਨ੍ਹਾਂ ਦਾ ਨਿਖੇੜਾ ਕਰਨਾ ਮੁਸ਼ਕਲ ਹੈ। ਇਸ ਲਈ ਸਮਾਜ-ਭਾਸ਼ਾ ਵਿਗਿਆਨੀ ਇਹ ਅਧਿਐਨ ਕਰਦੇ ਹਨ ਕਿ ਮਨੁੱਖ ਭਾਸ਼ਾ ਦੀ ਵਰਤੋਂ ਕਿਵੇਂ ਕਰਦੇ ਹਨ—ਇਸ ਦੇ ਵੱਖ-ਵੱਖ ਰੂਪਾਂ, ਸ਼ੈਲੀਆਂ ਅਤੇ ਢੰਗਾਂ ਵਿੱਚ; ਚੇਤਨ ਅਤੇ ਅਚੇਤਨ ਤਰੀਕਿਆਂ ਨਾਲ; ਵੱਖ-ਵੱਖ ਸਮਾਜਿਕ ਸੰਦਰਭਾਂ ਅਤੇ ਖੇਤਰਾਂ ਵਿੱਚ ਆਦਿ। ਸਮਾਜ-ਭਾਸ਼ਾ ਵਿਗਿਆਨੀ ਇਹ ਵੀ ਦੇਖਦੇ ਹਨ ਕਿ ਸਮਾਜਿਕ, ਭੂਗੋਲਿਕ, ਸੱਭਿਆਚਾਰਕ ਅਤੇ ਨਿੱਜੀ ਕਾਰਕ ਦੁਨੀਆ ਭਰ ਦੇ ਲੋਕਾਂ ਦੁਆਰਾ ਭਾਸ਼ਾ ਦੀ ਵਰਤੋਂ ਨੂੰ ਵਿਅਕਤੀਗਤ ਅਤੇ ਸਮੂਹਕ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਸਮਾਜ-ਭਾਸ਼ਾ ਵਿਗਿਆਨ ਅੰਤਰ-ਅਨੁਸ਼ਾਸਨੀ (interdisciplinary) ਅਧਿਐਨ ਖੇਤਰ ਹੈ, ਜਿਸ ਵਿੱਚ ਕਈ ਵਿਸ਼ੇ ਸ਼ਾਮਲ ਹਨ। ਲਗਭਗ 1960 ਦੇ ਦਹਾਕੇ ਤੋਂ ਇਹ ਸੁਤੰਤਰ ਅਧਿਐਨ ਖੇਤਰ ਵਜੋਂ ਵਿਕਸਿਤ ਹੋਣਾ ਸ਼ੁਰੂ ਹੋਇਆ। ਆਮ ਤੌਰ 'ਤੇ ਸਮਾਜ-ਭਾਸ਼ਾ ਵਿਗਿਆਨ ਨੂੰ ਭਾਸ਼ਾ ਵਿਗਿਆਨ (linguistics) ਨਾਲ ਜੋੜ ਕੇ ਸਮਝਿਆ ਜਾਂਦਾ ਹੈ, ਪਰ ਇਸ ਤੋਂ ਇਲਾਵਾ ਕਈ ਹੋਰ ਵਿਸ਼ਿਆਂ ਦਾ ਪ੍ਰਭਾਵ ਵੀ ਨਜ਼ਰ ਆਉਂਦਾ ਹੈ, ਜਿਵੇਂ ਕਿ ਮਾਨਵ ਵਿਗਿਆਨ (anthropology), ਸੱਭਿਆਚਾਰਕ ਅਧਿਐਨ (cultural studies), ਦਰਸ਼ਨ (philosophy), ਮਨੋਵਿਗਿਆਨ (psychology), ਸਮਾਜ ਵਿਗਿਆਨ (sociology) ਆਦਿ। ਭਾਸ਼ਾ ਮਨੁੱਖੀ ਸੰਚਾਰ ਅਤੇ ਸਮਾਜਿਕ ਸੰਗਠਨ ਦੇ ਹਰੇਕ ਪੱਖ ਨਾਲ ਜੁੜੀ ਹੋਈ ਹੈ, ਇਸ ਲਈ ਹੋਰ ਵਿਸ਼ਿਆਂ ਦੇ ਸਿਧਾਂਤ ਅਤੇ ਧਾਰਨਾਵਾਂ ਸਮਾਜ ਵਿੱਚ ਭਾਸ਼ਾ ਦੀਆਂ ਜਟਿਲਤਾਵਾਂ ਨੂੰ ਸਮਝਣ ਲਈ ਵਧੇਰੇ ਲਾਭਦਾਇਕ ਹਨ। "ਵਾਤਾਵਰਣ ਅਤੇ

ਸਮਾਜਿਕ ਬਣਤਰ ਤੋਂ ਇਲਾਵਾ ਕਿਸੇ ਸਮਾਜ ਦੀਆਂ ਕਦਰਾਂ ਕੀਮਤਾਂ ਵੀ ਉਸ ਦੀ ਭਾਸ਼ਾ 'ਤੇ ਪ੍ਰਭਾਵ ਪਾਉਂਦੀਆਂ ਹਨ। ਉਦਾਹਰਨ ਵਜੋਂ ਸਾਡੀ ਸਭਿਅਤਾ ਵਿੱਚ ਲਿੰਗ ਸੰਬੰਧੀ ਪਵਿੱਤਰਤਾ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਲਿੰਗ ਅਤੇ ਮਲ-ਮੂਤਰ ਨਾਲ ਸੰਬੰਧਿਤ ਵਰਜਿਤ ਸ਼ਬਦ ਮੰਨੇ ਜਾਂਦੇ ਹਨ। ਵਰਜਿਤ ਸ਼ਬਦ ਸਪੱਸ਼ਟ ਤੌਰ ਤੇ ਭਾਸ਼ਾ ਵਿਗਿਆਨਿਕ ਅਤੇ ਸਮਾਜਿਕ ਯਥਾਰਥਕਤਾ ਨੂੰ ਦਰਸਾਉਂਦੇ ਹਨ।"[4] ਸਮਾਜ-ਭਾਸ਼ਾ ਵਿਗਿਆਨ ਦੀ ਖੋਜ ਨੇ ਹੋਰ ਖੇਤਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਨੇ ਮਨੁੱਖ, ਭਾਸ਼ਾ, ਸੱਭਿਆਚਾਰ ਅਤੇ ਸਮਾਜ ਦੇ ਆਪਸੀ ਸੰਬੰਧਾਂ ਬਾਰੇ ਨਵੀਂ ਸਮਝ ਪ੍ਰਦਾਨ ਕੀਤੀ ਹੈ ਅਤੇ ਇਨ੍ਹਾਂ ਦੇ ਅਧਿਐਨ ਲਈ ਨਵੇਂ ਤਰੀਕੇ ਵਿਕਸਿਤ ਕਰਨ ਵਿੱਚ ਯੋਗਦਾਨ ਪਾਇਆ ਹੈ।

ਸਮਾਜ ਭਾਸ਼ਾ ਵਿਗਿਆਨ ਸੋਸਿਉਰ ਦੇ ਉਚਾਰ (Parole) ਅਤੇ ਚਾਮਸਕੀ ਦੇ ਨਿਭਾਅ (Performance) ਦੇ ਖੇਤਰ ਵਿੱਚ ਪ੍ਰਾਪਤ ਸਮੱਗਰੀ ਤੋਂ ਆਪਣਾ ਵਿਸ਼ਲੇਸ਼ਣ ਸ਼ੁਰੂ ਕਰਨ ਦੀ ਵਕਾਲਤ ਕਰਦਾ ਹੈ। ਭਾਸ਼ਾਈ ਵਰਤੋਂ ਦੇ ਸਮਾਜਿਕ ਸੰਕਲਪਾਂ ਵੱਲ ਧਿਆਨ ਦੇਣ ਕਾਰਨ ਭਾਸ਼ਾ ਵਿਭਿੰਨਤਾ ਨੂੰ ਨਿਸ਼ਚਿਤ ਕ੍ਰਮ ਵਿੱਚ ਦੇਖਦਾ ਹੈ। ਇਸ ਖੇਤਰ ਵਿੱਚ ਭੂਮਿਕਾ ਨਿਭਾਅ ਰਹੇ ਭਾਸ਼ਾਈ ਵੱਖਰੇਵੇਂ ਨਾ ਤਾਂ ਭਾਸ਼ਾ ਦੇ ਵਿਕਾਸ ਨੂੰ ਵਿਗਾੜਦਾ ਹੈ ਅਤੇ ਨਾ ਹੀ ਪ੍ਰਭਾਵਮਈ ਹੁੰਦਾ ਹੈ ਅਤੇ ਨਾ ਹੀ ਭਾਸ਼ਾਈ ਕ੍ਰਮ ਨੂੰ ਖੰਡਿਤ ਕਰਦਾ ਹੈ। ਇਸ ਵਿਚਾਰਧਾਰਾ ਦੇ ਅਨੁਸਾਰ ਭਾਸ਼ਾਈ ਵੱਖਰੇਵੇਂ ਸੰਬੰਧੀ ਮਿਲਦੀ ਸਮੱਗਰੀ ਭਾਸ਼ਾਈ ਕ੍ਰਮ ਨੂੰ ਸੰਪੂਰਨਤਾ ਵਿੱਚ ਦੇਖਣ ਲਈ ਠੋਸ ਅਧਾਰ ਪ੍ਰਦਾਨ ਕਰਦਾ ਹੈ।

## ਵਿਲੀਅਮ ਲੈਬੋਵ ਦੇ ਪ੍ਰਮੁੱਖ ਅਧਿਐਨ

### ਮਾਰਥਾਜ਼ ਵਿਨਯਾਰਡ ਅਧਿਐਨ (Martha's Vineyard, 1963)

ਵਿਲੀਅਮ ਲੈਬੋਵ ਦਾ 1963 ਦਾ *Martha's Vineyard* ਅਧਿਐਨ ਸਮਾਜ-ਭਾਸ਼ਾ ਵਿਗਿਆਨ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਮੰਨਿਆ ਜਾਂਦਾ ਹੈ। ਇਸ ਅਧਿਐਨ ਦਾ ਮੁੱਖ ਉਦੇਸ਼ ਇਹ ਜਾਣਨਾ ਸੀ ਕਿ ਸਮਾਜਿਕ ਅਤੇ ਸੱਭਿਆਚਾਰਕ ਕਾਰਕ ਭਾਸ਼ਾਈ ਪਰਿਵਰਤਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਮਾਰਥਾਜ਼ ਵਿਨਯਾਰਡ ਅਮਰੀਕਾ ਦੇ ਮੈਸਾਚੂਸੇਟਸ ਰਾਜ ਦੇ ਤੱਟ ਨੇੜੇ ਸਥਿਤ ਇੱਕ ਟਾਪੂ ਹੈ, ਜਿੱਥੇ ਸਥਾਨਕ ਨਿਵਾਸੀਆਂ ਅਤੇ ਬਾਹਰੋਂ ਆਉਣ ਵਾਲੇ ਸੈਲਾਨੀਆਂ ਵਿਚਕਾਰ ਸਮਾਜਿਕ ਅਤੇ ਸੱਭਿਆਚਾਰਕ ਅੰਤਰ ਸਪੱਸ਼ਟ ਸਨ।

ਲੈਬੋਵ ਨੇ ਟਾਪੂ ਦੇ ਵੱਖ-ਵੱਖ ਉਮਰ, ਵਰਗ, ਪੇਸ਼ਾਵਰ ਅਤੇ ਸਮਾਜਿਕ ਪਿਛੋਕੜ ਵਾਲੇ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਖ਼ਾਸ ਤੌਰ 'ਤੇ ਅੰਗਰੇਜ਼ੀ ਦੇ ਦੋ ਡਿਫਥਾਂਗ /ay/ ਅਤੇ /aw/ ਦੇ ਉਚਾਰਨ ਦਾ ਵਿਸ਼ਲੇਸ਼ਣ ਕੀਤਾ। ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਟਾਪੂ ਨਾਲ ਆਪਣੀ ਪਛਾਣ ਨੂੰ ਮਜ਼ਬੂਤੀ ਨਾਲ ਜੋੜਨ ਵਾਲੇ ਲੋਕ ਇਨ੍ਹਾਂ ਧੁਨੀਆਂ ਦਾ ਕੇਂਦਰੀਕ੍ਰਿਤ (centralized) ਉਚਾਰਨ ਵਧੇਰੇ ਕਰਦੇ ਸਨ। ਇਸਦੇ ਉਲਟ, ਉਹ ਲੋਕ ਜੋ ਟਾਪੂ ਛੱਡਣ ਦੀ ਇੱਛਾ ਰੱਖਦੇ ਸਨ ਜਾਂ ਬਾਹਰੀ ਸੱਭਿਆਚਾਰ ਨਾਲ ਵੱਧ ਪ੍ਰਭਾਵਿਤ ਸਨ, ਉਹ ਇਸ ਉਚਾਰਨ ਨੂੰ ਘੱਟ ਵਰਤਦੇ ਸਨ। ਇਸ ਅਧਿਐਨ ਨੇ ਇਹ ਸਾਬਤ ਕੀਤਾ ਕਿ ਭਾਸ਼ਾਈ ਪਰਿਵਰਤਨ ਸਿਰਫ਼ ਧੁਨਾਤਮਕ ਜਾਂ ਵਿਆਕਰਣਿਕ ਕਾਰਕਾਂ ਦਾ ਨਤੀਜਾ ਨਹੀਂ ਹੁੰਦਾ, ਸਗੋਂ ਸਮਾਜਿਕ ਪਛਾਣ, ਸਮੂਹਕ ਏਕਤਾ ਅਤੇ ਸੱਭਿਆਚਾਰਕ ਮੁੱਲ ਵੀ ਇਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਖੋਜ ਨੇ ਸਮਾਜ-ਭਾਸ਼ਾ ਵਿਗਿਆਨ ਵਿੱਚ ਭਾਸ਼ਾਈ ਵੱਖਰੇਵਾਂ (Linguistic Variation) ਅਤੇ ਸਮਾਜਿਕ ਪਛਾਣ (Social Identity) ਦੇ ਅਧਿਐਨ ਨੂੰ ਨਵੀਂ ਦਿਸ਼ਾ ਦਿੱਤੀ।

**ਨਿਊਯਾਰਕ ਸ਼ਹਿਰ ਵਿਭਾਗ ਸਟੋਰ ਅਧਿਐਨ** (New York City Department Stores, 1966)

1966 ਵਿੱਚ ਪ੍ਰਕਾਸ਼ਿਤ **The Social Stratification of English in New York City** ਲੈਬੋਵ ਦੀ ਸਭ ਤੋਂ ਪ੍ਰਭਾਵਸ਼ਾਲੀ ਖੋਜਾਂ ਵਿੱਚੋਂ ਇੱਕ ਹੈ। ਇਸ ਅਧਿਐਨ ਦਾ ਉਦੇਸ਼ ਸਮਾਜਿਕ ਵਰਗ ਅਤੇ ਭਾਸ਼ਾ ਦੇ ਆਪਸੀ ਸੰਬੰਧ ਦਾ ਵਿਸ਼ਲੇਸ਼ਣ ਕਰਨਾ ਸੀ। ਲੈਬੋਵ ਨੇ ਨਿਊਯਾਰਕ ਦੇ ਤਿੰਨ ਡਿਪਾਰਟਮੈਂਟ ਸਟੋਰ—Saks Fifth Avenue, Macy's ਅਤੇ S. Klein—ਦੀ ਚੋਣ ਕੀਤੀ, ਜੋ ਵੱਖ-ਵੱਖ ਸਮਾਜਿਕ ਵਰਗਾਂ ਦੇ ਗਾਹਕਾਂ ਦੀ ਨੁਮਾਇੰਦਗੀ ਕਰਦੇ ਸਨ। ਉਨ੍ਹਾਂ ਨੇ ਵਿਕਰੇਤਾਵਾਂ ਤੋਂ ਅਜਿਹੇ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਵਿੱਚ “fourth floor” ਸ਼ਬਦ ਆਉਂਦਾ ਸੀ। ਇਸ ਤਰੀਕੇ ਨਾਲ ਉਨ੍ਹਾਂ ਨੇ /r/ ਧੁਨੀ ਦੇ ਉਚਾਰਨ ਦਾ ਵਿਸ਼ਲੇਸ਼ਣ ਕੀਤਾ।

ਖੋਜ ਵਿੱਚ ਪਾਇਆ ਗਿਆ ਕਿ ਉੱਚ ਸਮਾਜਿਕ ਵਰਗ ਨਾਲ ਸੰਬੰਧਿਤ ਕਰਮਚਾਰੀ /r/ ਦਾ ਮਿਆਰੀ ਉਚਾਰਨ ਵਧੇਰੇ ਕਰਦੇ ਸਨ, ਜਦਕਿ ਨੀਵੇਂ ਸਮਾਜਿਕ ਵਰਗ ਦੇ ਕਰਮਚਾਰੀ ਇਸ ਦਾ ਉਚਾਰਨ ਘੱਟ ਕਰਦੇ ਸਨ। ਇਸ ਤੋਂ ਇਲਾਵਾ, ਜਦੋਂ ਕਰਮਚਾਰੀਆਂ ਨੂੰ ਦੁਬਾਰਾ ਸਪੱਸ਼ਟਤਾ ਨਾਲ ਜਵਾਬ ਦੇਣ ਲਈ ਕਿਹਾ ਗਿਆ, ਤਾਂ ਉਨ੍ਹਾਂ

ਨੇ ਹੋਰ ਵੀ ਮਿਆਰੀ ਉਚਾਰਨ ਦੀ ਵਰਤੋਂ ਕੀਤੀ। ਇਸ ਵਰਤਾਰੇ ਨੂੰ ਲੈਬੋਵ ਨੇ ਸ਼ੈਲੀ ਬਦਲਾਵ (Style Shifting) ਅਤੇ ਭਾਸ਼ਾਈ ਅਸੁਰੱਖਿਆ (Linguistic Insecurity) ਨਾਲ ਜੋੜਿਆ। ਇਸ ਅਧਿਐਨ ਨੇ ਇਹ ਸਪੱਸ਼ਟ ਕੀਤਾ ਕਿ ਭਾਸ਼ਾਈ ਰੂਪ ਸਮਾਜਿਕ ਦਰਜੇ, ਸਿੱਖਿਆ ਅਤੇ ਪ੍ਰਤਿਸ਼ਠਾ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ ਅਤੇ ਭਾਸ਼ਾ ਸਮਾਜਿਕ ਪਛਾਣ ਦਾ ਮਹੱਤਵਪੂਰਨ ਸੂਚਕ ਹੈ।

**ਅਫ਼ਰੀਕੀ-ਅਮਰੀਕੀ ਵਰਨਾਕੁਲਰ ਅੰਗਰੇਜ਼ੀ (African American Vernacular English – AAVE)**

ਲੈਬੋਵ ਨੇ ਅਫ਼ਰੀਕੀ-ਅਮਰੀਕੀ ਭਾਈਚਾਰੇ ਦੀ ਭਾਸ਼ਾ ਉੱਤੇ ਵੀ ਵਿਸਤ੍ਰਿਤ ਅਧਿਐਨ ਕੀਤਾ। ਉਸ ਸਮੇਂ ਇਹ ਧਾਰਣਾ ਪ੍ਰਚਲਿਤ ਸੀ ਕਿ ਅਫ਼ਰੀਕੀ-ਅਮਰੀਕੀ ਵਰਨਾਕੁਲਰ ਅੰਗਰੇਜ਼ੀ ਦਾ "ਗਲਤ" ਜਾਂ "ਅਧੂਰਾ" ਰੂਪ ਹੈ। ਲੈਬੋਵ ਨੇ ਇਸ ਧਾਰਣਾ ਦਾ ਵਿਗਿਆਨਕ ਖੰਡਨ ਕੀਤਾ। ਉਨ੍ਹਾਂ ਨੇ ਦਰਸਾਇਆ ਕਿ ਅਫ਼ਰੀਕੀ-ਅਮਰੀਕੀ ਵਰਨਾਕੁਲਰ ਅੰਗਰੇਜ਼ੀ ਦੀ ਆਪਣੀ ਧੁਨੀਆਤਮਕ, ਰੂਪਾਤਮਕ, ਵਾਕ-ਰਚਨਾਤਮਕ ਅਤੇ ਅਰਥਾਤਮਕ ਪ੍ਰਣਾਲੀ ਹੈ, ਜੋ ਨਿਯਮਬੱਧ ਅਤੇ ਸੰਗਠਿਤ ਹੈ। ਉਦਾਹਰਨ ਵਜੋਂ, ਆਦਤਨ /be/ ਦੀ ਵਰਤੋਂ ਅਫ਼ਰੀਕੀ-ਅਮਰੀਕੀ ਵਰਨਾਕੁਲਰ ਅੰਗਰੇਜ਼ੀ ਵਿੱਚ ਕਿਸੇ ਕਿਰਿਆ ਦੇ ਨਿਯਮਿਤ ਜਾਂ ਆਦਤਨ ਹੋਣ ਨੂੰ ਦਰਸਾਉਂਦੀ ਹੈ, ਜੋ ਮਿਆਰੀ ਅੰਗਰੇਜ਼ੀ ਤੋਂ ਵੱਖਰਾ ਪਰ ਨਿਯਮਬੱਧ ਭਾਸ਼ਾਈ ਢਾਂਚਾ ਹੈ। ਲੈਬੋਵ ਨੇ ਇਹ ਵੀ ਦਲੀਲ ਦਿੱਤੀ ਕਿ ਅਫ਼ਰੀਕੀ-ਅਮਰੀਕੀ ਵਰਨਾਕੁਲਰ ਅੰਗਰੇਜ਼ੀ ਬੋਲਣ ਵਾਲੇ ਬੱਚਿਆਂ ਦੀਆਂ ਸਿੱਖਿਅਕ ਮੁਸ਼ਕਲਾਂ ਦਾ ਕਾਰਨ ਉਨ੍ਹਾਂ ਦੀ ਭਾਸ਼ਾ ਨਹੀਂ, ਸਗੋਂ ਸਿੱਖਿਆ ਪ੍ਰਣਾਲੀ ਦੀ ਭਾਸ਼ਾਈ ਅਸੰਵੇਦਨਸ਼ੀਲਤਾ ਅਤੇ ਸਮਾਜਿਕ ਅਸਮਾਨਤਾ ਹੈ। ਇਸ ਖੋਜ ਨੇ ਭਾਸ਼ਾਈ ਸਮਾਨਤਾ, ਭਾਸ਼ਾਈ ਅਧਿਕਾਰ ਅਤੇ ਸਮਾਵੇਸ਼ੀ ਸਿੱਖਿਆ (Inclusive Education) ਬਾਰੇ ਨਵੀਆਂ ਚਰਚਾਵਾਂ ਨੂੰ ਜਨਮ ਦਿੱਤਾ।

**ਭਾਸ਼ਾਈ ਪਰਿਵਰਤਨ ਦੇ ਸਿਧਾਂਤਾਂ ਦੀ ਵਿਹਾਰਕ ਪ੍ਰਯੋਗਸ਼ੀਲਤਾ**

ਵਿਲੀਅਮ ਲੈਬੋਵ ਨੇ ਭਾਸ਼ਾਈ ਪਰਿਵਰਤਨ ਨੂੰ ਇੱਕ ਨਿਯਮਬੱਧ, ਸਮਾਜਿਕ ਅਤੇ ਵਿਗਿਆਨਕ ਪ੍ਰਕਿਰਿਆ ਵਜੋਂ ਵਿਆਖਿਆ ਕੀਤੀ। ਉਨ੍ਹਾਂ ਅਨੁਸਾਰ ਭਾਸ਼ਾ ਵਿੱਚ ਹੋਣ ਵਾਲੇ ਬਦਲਾਅ ਅਚਾਨਕ ਜਾਂ ਬੇਤਰਤੀਬ ਨਹੀਂ ਹੁੰਦੇ, ਸਗੋਂ ਸਮਾਜਿਕ ਵਰਗ, ਉਮਰ,

ਲਿੰਗ, ਸਿੱਖਿਆ, ਪੇਸ਼ੇ, ਭੂਗੋਲ ਅਤੇ ਸਮਾਜਿਕ ਨੈੱਟਵਰਕ ਵਰਗੇ ਕਾਰਕਾਂ ਨਾਲ ਜੁੜੇ ਹੁੰਦੇ ਹਨ। ਲੈਬੋਵ ਦੇ ਸਿਧਾਂਤ ਅੱਜ ਕਈ ਖੇਤਰਾਂ ਵਿੱਚ ਵਰਤੇ ਜਾਂਦੇ ਹਨ:

1. **ਭਾਸ਼ਾ ਯੋਜਨਾ ਅਤੇ ਨੀਤੀ-ਨਿਰਮਾਣ:** ਬਹੁਭਾਸ਼ਾਈ ਸਮਾਜਾਂ ਵਿੱਚ ਭਾਸ਼ਾਈ ਨੀਤੀਆਂ ਬਣਾਉਣ ਲਈ।
2. **ਸਿੱਖਿਆ:** ਵਿਦਿਆਰਥੀਆਂ ਦੀਆਂ ਭਾਸ਼ਾਈ ਵਿਭਿੰਨਤਾਵਾਂ ਨੂੰ ਸਮਝਣ ਅਤੇ ਸਮਾਵੇਸ਼ੀ ਪਾਠਕ੍ਰਮ ਤਿਆਰ ਕਰਨ ਲਈ।
3. **ਫੋਰੈਂਸਿਕ ਭਾਸ਼ਾ ਵਿਗਿਆਨ:** ਅਪਰਾਧਿਕ ਜਾਂਚਾਂ ਵਿੱਚ ਬੋਲਚਾਲ ਦੇ ਵਿਸ਼ਲੇਸ਼ਣ ਰਾਹੀਂ ਪਛਾਣ ਅਤੇ ਸਬੂਤਾਂ ਦੇ ਮੁਲਾਂਕਣ ਲਈ।
4. **ਡਿਜ਼ਿਟਲ ਸੰਚਾਰ ਦਾ ਅਧਿਐਨ:** ਸੋਸ਼ਲ ਮੀਡੀਆ ਅਤੇ ਆਨਲਾਈਨ ਭਾਈਚਾਰਿਆਂ ਵਿੱਚ ਭਾਸ਼ਾਈ ਬਦਲਾਅ ਦੇ ਵਿਸ਼ਲੇਸ਼ਣ ਲਈ।
5. **ਭਾਰਤੀ ਅਤੇ ਪੰਜਾਬੀ ਸੰਦਰਭ:** ਪੰਜਾਬੀ ਦੀਆਂ ਮਾਝੀ, ਮਾਲਵਈ, ਦੁਆਬੀ, ਪੁਆਧੀ ਆਦਿ ਬੋਲੀਆਂ ਅਤੇ ਸ਼ਹਿਰੀ-ਪੇਂਡੂ ਭਾਸ਼ਾਈ ਅੰਤਰਾਂ ਦੇ ਅਧਿਐਨ ਵਿੱਚ ਲੈਬੋਵ ਦੀਆਂ ਪੱਧਤੀਆਂ ਬਹੁਤ ਲਾਭਕਾਰੀ ਸਾਬਤ ਹੁੰਦੀਆਂ ਹਨ।

## ਵਿਲੀਅਮ ਲੈਬੋਵ ਦੇ ਸਿਧਾਂਤਾਂ ਦਾ ਵਿਸ਼ਲੇਸ਼ਣ

### ਭਾਸ਼ਾਈ ਵਿਭਿੰਨਤਾ ਦਾ ਸਿਧਾਂਤ (Theory of Linguistic Variation)

ਵਿਲੀਅਮ ਲੈਬੋਵ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਭਾਸ਼ਾਈ ਵਿਭਿੰਨਤਾ ਦੇ ਸਿਧਾਂਤ ਦਾ ਵਿਕਾਸ ਹੈ। ਇਸ ਸਿਧਾਂਤ ਅਨੁਸਾਰ ਇੱਕੋ ਭਾਸ਼ਾ ਬੋਲਣ ਵਾਲੇ ਲੋਕ ਹਰ ਸਥਿਤੀ ਵਿੱਚ ਇੱਕੋ ਜਿਹੀ ਭਾਸ਼ਾ ਨਹੀਂ ਵਰਤਦੇ। ਉਨ੍ਹਾਂ ਦੀ ਭਾਸ਼ਾ ਸਮਾਜਿਕ ਵਰਗ, ਉਮਰ, ਲਿੰਗ, ਸਿੱਖਿਆ, ਪੇਸ਼ੇ, ਭੂਗੋਲ ਅਤੇ ਸੰਚਾਰਕ ਸਥਿਤੀ ਦੇ ਅਨੁਸਾਰ ਬਦਲਦੀ ਰਹਿੰਦੀ ਹੈ। ਲੈਬੋਵ ਨੇ ਇਹ ਸਾਬਤ ਕੀਤਾ ਕਿ ਭਾਸ਼ਾਈ ਵਿਭਿੰਨਤਾ ਵਿੱਚ ਵੀ ਨਿਯਮਬੱਧਤਾ ਹੁੰਦੀ ਹੈ। ਉਦਾਹਰਨ ਵਜੋਂ, ਕਿਸੇ ਸ਼ਹਿਰ ਵਿੱਚ ਇੱਕੋ ਧੁਨੀ ਦੇ ਦੋ ਵੱਖ-ਵੱਖ ਉਚਾਰਨ ਮਿਲ ਸਕਦੇ ਹਨ, ਪਰ ਇਹ ਅੰਤਰ ਸਮਾਜਿਕ ਪਿਛੋਕੜ ਨਾਲ ਸੰਬੰਧਿਤ ਹੁੰਦੇ ਹਨ। ਇਸ ਤਰ੍ਹਾਂ, ਭਾਸ਼ਾਈ ਵਿਭਿੰਨਤਾ ਸਮਾਜਿਕ ਬਣਤਰ ਦਾ ਪ੍ਰਤੀਬਿੰਬ ਹੈ।

### ਸਪੀਚ ਕਮਿਊਨਿਟੀ ਦਾ ਸਿਧਾਂਤ (Speech Community)

ਲੈਬੋਵ ਅਨੁਸਾਰ ਸਪੀਚ ਕਮਿਊਨਿਟੀ ਸਿਰਫ਼ ਉਹ ਸਮੂਹ ਨਹੀਂ ਜਿਸ ਵਿੱਚ ਸਾਰੇ ਵਿਅਕਤੀ ਇੱਕੋ ਜਿਹੀ ਭਾਸ਼ਾ ਬੋਲਦੇ ਹੋਣ। ਇਸ ਦੀ ਬਜਾਏ, ਇਹ ਉਹ ਸਮਾਜਿਕ ਸਮੂਹ

ਹੈ ਜਿਸ ਦੇ ਵਿਅਕਤੀ ਭਾਸ਼ਾ ਦੀ ਵਰਤੋਂ ਬਾਰੇ ਇੱਕੋ ਜਿਹੇ ਸਮਾਜਿਕ ਨਿਯਮਾਂ ਅਤੇ ਮਾਪਦੰਡਾਂ ਨੂੰ ਸਾਂਝਾ ਕਰਦੇ ਹਨ। "ਜਿਨ੍ਹਾਂ ਉਪਭਾਸ਼ਾਵਾਂ ਦਾ ਭੂਗੋਲਿਕ ਜਾਂ ਸਮਾਜਿਕ ਅਧਾਰ ਠੋਸ ਹੁੰਦਾ ਹੈ, ਉਨ੍ਹਾਂ ਦੀ ਜਾਂਚ ਮੁਹਾਵਰੇਦਾਰ ਉਪਭਾਸ਼ਾਵਾਂ ਦੇ ਅਧਿਐਨ ਤੋਂ ਬਿਲਕੁਲ ਉਲਟ ਹੁੰਦੀ ਹੈ। ਜਦੋਂ ਅਸੀਂ ਉਨ੍ਹਾਂ ਵੱਖਰੇਵਿਆਂ ਦਾ ਅਧਿਐਨ ਕਰਦੇ ਹਾਂ ਤਾਂ ਉਨ੍ਹਾਂ ਦਾ ਸੰਚਾਰ ਹੀ ਅਸਲ ਅਧਾਰ ਹੁੰਦਾ ਹੈ, ਅਧਾਰ ਭਾਸ਼ਣ ਭਾਈਚਾਰੇ ਦੇ ਸਾਰੇ ਲੋਕਾਂ ਕੋਲ ਪਹੁੰਚਦਾ ਹੈ, ਭਾਵੇਂ ਉਹ ਸਾਰੇ ਰੂਪਾਂ ਦੀ ਵਰਤੋਂ ਨਹੀਂ ਕਰਦੇ।"[5] ਉਦਾਹਰਨ ਵਜੋਂ, ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬਾ ਖੇਤਰਾਂ ਵਿੱਚ ਬੋਲੀਆਂ ਵੱਖਰੀਆਂ ਹੋ ਸਕਦੀਆਂ ਹਨ, ਪਰ ਹਰ ਖੇਤਰ ਦੇ ਬੋਲਣ ਵਾਲਿਆਂ ਵਿੱਚ ਆਪਣੀ ਬੋਲੀ ਦੇ ਵਰਤੋਂ-ਨਿਯਮਾਂ ਬਾਰੇ ਇੱਕ ਸਾਂਝੀ ਸਮਝ ਹੁੰਦੀ ਹੈ। ਇਸ ਲਈ ਸਪੀਚ ਕਮਿਊਨਿਟੀ ਦਾ ਆਧਾਰ ਕੇਵਲ ਭਾਸ਼ਾਈ ਸਮਾਨਤਾ ਨਹੀਂ, ਸਗੋਂ ਸਮਾਜਿਕ ਸਹਿਮਤੀ ਵੀ ਹੈ।

**ਵਰਨਾਕੁਲਰ ਸਿਧਾਂਤ (Vernacular Theory)**

ਲੈਬੋਵ ਨੇ "ਵਰਨਾਕੁਲਰ ਸਿਧਾਂਤ" (Vernacular) ਨੂੰ ਭਾਸ਼ਾ ਦੇ ਸਭ ਤੋਂ ਕੁਦਰਤੀ ਰੂਪ ਵਜੋਂ ਪਰਿਭਾਸ਼ਿਤ ਕੀਤਾ। ਉਨ੍ਹਾਂ ਦੇ ਅਨੁਸਾਰ ਜਦੋਂ ਵਿਅਕਤੀ ਬਿਨਾਂ ਕਿਸੇ ਦਬਾਅ ਜਾਂ ਰਸਮੀ ਤੌਰ 'ਤੇ ਗੱਲ ਕਰਦਾ ਹੈ, ਤਾਂ ਉਸ ਦੀ ਭਾਸ਼ਾ ਉਸ ਦੇ ਅਸਲ ਭਾਸ਼ਾਈ ਵਿਹਾਰ ਨੂੰ ਦਰਸਾਉਂਦੀ ਹੈ। ਇਸੇ ਕਾਰਨ ਲੈਬੋਵ ਨੇ ਸਮਾਜ-ਭਾਸ਼ਾਈ ਮੁਲਾਕਾਤ ਦੀ ਅਜਿਹੀ ਵਿਧੀ ਵਿਕਸਿਤ ਕੀਤੀ ਜਿਸ ਨਾਲ ਲੋਕ ਸੁਭਾਵਿਕ ਢੰਗ ਨਾਲ ਗੱਲ ਕਰਨ ਅਤੇ ਖੋਜਕਾਰ ਨੂੰ ਉਨ੍ਹਾਂ ਦੀ ਅਸਲ ਭਾਸ਼ਾ ਦਾ ਡਾਟਾ ਮਿਲ ਸਕੇ। ਇਹ ਪੱਧਤੀ ਅੱਜ ਵੀ ਸਮਾਜ-ਭਾਸ਼ਾਈ ਖੋਜ ਦੀ ਬੁਨਿਆਦ ਮੰਨੀ ਜਾਂਦੀ ਹੈ।

**ਸਮਾਜਿਕ ਪੱਧਰੀਕਰਨ ਅਤੇ ਭਾਸ਼ਾ (Social Stratification of Language)**

ਲੈਬੋਵ ਨੇ ਆਪਣੇ ਨਿਊਯਾਰਕ ਸਿਟੀ ਅਧਿਐਨ ਰਾਹੀਂ ਦਰਸਾਇਆ ਕਿ ਸਮਾਜਿਕ ਵਰਗ ਅਤੇ ਭਾਸ਼ਾ ਦਾ ਗਹਿਰਾ ਸੰਬੰਧ ਹੈ। ਉੱਚ ਸਮਾਜਿਕ ਵਰਗ ਦੇ ਲੋਕ ਆਮ ਤੌਰ 'ਤੇ ਮਿਆਰੀ ਭਾਸ਼ਾਈ ਰੂਪਾਂ ਦੀ ਵਰਤੋਂ ਵਧੇਰੇ ਕਰਦੇ ਹਨ, ਜਦਕਿ ਨੀਵੇਂ ਵਰਗਾਂ ਵਿੱਚ ਸਥਾਨਕ ਜਾਂ ਗੈਰ-ਮਿਆਰੀ ਰੂਪ ਵਧੇਰੇ ਪ੍ਰਚਲਿਤ ਹੁੰਦੇ ਹਨ। ਇਹ ਸਿਧਾਂਤ ਸਮਾਜਿਕ ਗਤੀਸ਼ੀਲਤਾ, ਭਾਸ਼ਾਈ ਪ੍ਰਤਿਸ਼ਠਾ (Linguistic Prestige) ਅਤੇ ਭਾਸ਼ਾਈ ਅਸੁਰੱਖਿਆ (Linguistic Insecurity) ਨੂੰ ਸਮਝਣ ਵਿੱਚ ਬਹੁਤ ਮਹੱਤਵਪੂਰਨ ਹੈ।

**ਭਾਸ਼ਾਈ ਪਰਿਵਰਤਨ ਦਾ ਸਿਧਾਂਤ (Theory of Language Change)**

ਲੈਬੋਵ ਨੇ ਭਾਸ਼ਾਈ ਪਰਿਵਰਤਨ ਨੂੰ ਲਗਾਤਾਰ ਅਤੇ ਸਮਾਜਿਕ ਤੌਰ 'ਤੇ ਨਿਯੰਤਰਿਤ ਪ੍ਰਕਿਰਿਆ ਵਜੋਂ ਸਮਝਾਇਆ। ਉਨ੍ਹਾਂ ਅਨੁਸਾਰ ਭਾਸ਼ਾਈ ਤਬਦੀਲੀਆਂ ਪਹਿਲਾਂ ਕਿਸੇ ਛੋਟੇ ਸਮਾਜਿਕ ਸਮੂਹ ਵਿੱਚ ਸ਼ੁਰੂ ਹੁੰਦੀਆਂ ਹਨ ਅਤੇ ਫਿਰ ਹੌਲੀ-ਹੌਲੀ ਵੱਡੇ ਭਾਸ਼ਾਈ ਭਾਈਚਾਰੇ ਵਿੱਚ ਫੈਲ ਜਾਂਦੀਆਂ ਹਨ। ਉਨ੍ਹਾਂ ਨੇ ਇਹ ਵੀ ਦਰਸਾਇਆ ਕਿ ਨੌਜਵਾਨ ਵਰਗ ਅਕਸਰ ਭਾਸ਼ਾਈ ਤਬਦੀਲੀਆਂ ਨੂੰ ਅਪਣਾਉਣ ਵਿੱਚ ਅਗਵਾਈ ਕਰਦਾ ਹੈ। ਇਸ ਲਈ ਭਾਸ਼ਾ ਦਾ ਵਿਕਾਸ ਸਮਾਜਿਕ ਪਰਿਵਰਤਨ ਨਾਲ ਗਹਿਰਾ ਜੁੜਿਆ ਹੋਇਆ ਹੈ।

**ਮਾਤਰਾਤਮਕ ਸਮਾਜ-ਭਾਸ਼ਾ ਵਿਗਿਆਨ (Quantitative Sociolinguistics)**

ਲੈਬੋਵ ਦੀ ਸਭ ਤੋਂ ਵੱਡੀ ਵਿਗਿਆਨਕ ਦੇਣ ਇਹ ਸੀ ਕਿ ਉਨ੍ਹਾਂ ਨੇ ਭਾਸ਼ਾ ਦੇ ਅਧਿਐਨ ਵਿੱਚ ਅੰਕੜਿਆਂ (Statistics) ਦੀ ਵਰਤੋਂ ਕੀਤੀ। ਉਨ੍ਹਾਂ ਨੇ ਵੱਖ-ਵੱਖ ਸਮਾਜਿਕ ਸਮੂਹਾਂ ਤੋਂ ਇਕੱਠੇ ਕੀਤੇ ਡਾਟਾ ਦਾ ਵਿਸ਼ਲੇਸ਼ਣ ਕਰਕੇ ਭਾਸ਼ਾਈ ਰੁਝਾਨਾਂ ਨੂੰ ਮਾਪਿਆ। ਉਹ ਕਹਿੰਦੇ ਹਨ ਕਿ "ਭਾਸ਼ਾ ਵਿਗਿਆਨ ਇਕੋ ਇਕ ਖੇਤਰ ਨਹੀਂ ਹੈ ਜਿਸਨੂੰ ਮੌਖਿਕ ਪ੍ਰਤੀਕਿਰਿਆਵਾਂ ਅਤੇ ਅਸਲ ਵਿਵਹਾਰ ਵਿਚਕਾਰ ਸੰਬੰਧਾਂ ਦਾ ਸਾਹਮਣਾ ਕਰਨਾ ਪਿਆ। ਸਮਾਜ ਸ਼ਾਸਤਰ ਕਈ ਦਹਾਕਿਆਂ ਤੋਂ ਸਰਵੇਖਣ ਪ੍ਰਸ਼ਨਾਵਲੀ ਦੇ ਜਵਾਬਾਂ ਦਾ ਮੁਲਾਂਕਣ ਕਰਨ ਅਤੇ ਉਹਨਾਂ ਨੂੰ ਉਸ ਤਰੀਕੇ ਨਾਲ ਜੋੜਨ ਦੇ ਸੰਘਰਸ਼ ਵਿੱਚ ਰੁੱਝਿਆ ਹੋਇਆ ਹੈ ਜਿਸ ਤਰ੍ਹਾਂ ਲੋਕ ਅਸਲ ਵਿੱਚ ਠੋਸ ਸਥਿਤੀਆਂ ਵਿੱਚ ਪ੍ਰਤੀਕਿਰਿਆ ਕਰਦੇ ਹਨ। ਜਦੋਂ ਕੋਈ ਵਿਅਕਤੀ ਆਪਣੇ ਰਵੱਈਏ ਸਾਨੂੰ ਪ੍ਰਦਾਨ ਕਰ ਰਿਹਾ ਹੈ ਉਹ ਭਾਸ਼ਾਈ ਵਿਵਹਾਰ ਵਿੱਚ ਵੀ ਸ਼ਾਮਲ ਹੈ।"[6] ਇਸ ਪੱਧਤੀ ਕਾਰਨ ਸਮਾਜ-ਭਾਸ਼ਾ ਵਿਗਿਆਨ ਇੱਕ ਪ੍ਰਮਾਣ-ਆਧਾਰਿਤ (Empirical) ਅਤੇ ਵਿਗਿਆਨਕ ਅਨੁਸ਼ਾਸਨ ਵਜੋਂ ਵਿਕਸਿਤ ਹੋਇਆ।

**ਅਬਜ਼ਰਵਰਜ਼ ਪੈਰਾਡਾਕਸ (Observer's Paradox)**

ਲੈਬੋਵ ਨੇ ਧਿਆਨ ਦਿਵਾਇਆ ਕਿ ਜਦੋਂ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ, ਤਾਂ ਉਹ ਆਪਣੀ ਭਾਸ਼ਾ ਨੂੰ ਵਧੇਰੇ ਰਸਮੀ ਜਾਂ ਮਿਆਰੀ ਬਣਾ ਦਿੰਦੇ ਹਨ। ਇਸ ਸਮੱਸਿਆ ਨੂੰ ਉਨ੍ਹਾਂ ਨੇ "Observer's Paradox" ਕਿਹਾ। ਇਸ ਚੁਣੌਤੀ ਨਾਲ ਨਜਿੱਠਣ ਲਈ ਉਨ੍ਹਾਂ ਨੇ ਅਜਿਹੀਆਂ ਇੰਟਰਵਿਊ ਤਕਨੀਕਾਂ ਵਿਕਸਿਤ ਕੀਤੀਆਂ ਜਿਨ੍ਹਾਂ ਵਿੱਚ ਲੋਕ ਆਪਣੀਆਂ ਨਿੱਜੀ ਯਾਦਾਂ, ਅਨੁਭਵਾਂ ਜਾਂ ਭਾਵਨਾਤਮਕ ਘਟਨਾਵਾਂ ਬਾਰੇ ਗੱਲ ਕਰਦੇ ਹੋਏ ਸੁਭਾਵਿਕ ਭਾਸ਼ਾ ਵਰਤਦੇ ਹਨ।

**ਸ਼ੈਲੀ ਪਰਿਵਰਤਨ (Style Shifting)**

ਲੈਬੋਵ ਨੇ ਇਹ ਵੀ ਦਰਸਾਇਆ ਕਿ ਇੱਕੋ ਵਿਅਕਤੀ ਵੱਖ-ਵੱਖ ਸਮਾਜਿਕ ਸਥਿਤੀਆਂ ਵਿੱਚ ਆਪਣੀ ਭਾਸ਼ਾਈ ਸ਼ੈਲੀ ਬਦਲਦਾ ਹੈ। ਉਦਾਹਰਨ ਵਜੋਂ, ਇੱਕ ਵਿਅਕਤੀ ਦੋਸਤਾਂ ਨਾਲ ਗੱਲ ਕਰਦੇ ਸਮੇਂ ਸਥਾਨਕ ਬੋਲੀ ਵਰਤ ਸਕਦਾ ਹੈ, ਪਰ ਨੌਕਰੀ ਦੇ ਇੰਟਰਵਿਊ ਵਿੱਚ ਮਿਆਰੀ ਭਾਸ਼ਾ ਦੀ ਵਰਤੋਂ ਕਰੇਗਾ। ਇਸ ਸਿਧਾਂਤ ਨੇ ਭਾਸ਼ਾ ਅਤੇ ਸਮਾਜਿਕ ਪਛਾਣ ਦੇ ਸੰਬੰਧ ਨੂੰ ਸਮਝਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਲੈਬੋਵ ਦੀਆਂ ਸ਼ੁਰੂਆਤੀ ਖੋਜਾਂ ਮੁੱਖ ਤੌਰ 'ਤੇ ਅਮਰੀਕੀ ਸ਼ਹਿਰੀ ਸਮਾਜਾਂ, ਖ਼ਾਸ ਕਰਕੇ ਨਿਊਯਾਰਕ ਅਤੇ ਫਿਲਾਡੈਲਫੀਆ ਵਰਗੇ ਖੇਤਰਾਂ 'ਤੇ ਆਧਾਰਿਤ ਸਨ। ਇਸ ਕਾਰਨ ਕੁਝ ਵਿਦਵਾਨਾਂ ਨੇ ਸਵਾਲ ਉਠਾਇਆ ਕਿ ਕੀ ਉਨ੍ਹਾਂ ਦੇ ਮਾਡਲ ਹਰ ਭਾਸ਼ਾਈ ਅਤੇ ਸੱਭਿਆਚਾਰਕ ਸੰਦਰਭ ਵਿੱਚ ਇੱਕੋ ਤਰ੍ਹਾਂ ਲਾਗੂ ਕੀਤੇ ਜਾ ਸਕਦੇ ਹਨ। ਭਾਰਤ ਵਰਗੇ ਬਹੁਭਾਸ਼ੀ ਅਤੇ ਬਹੁ-ਸੱਭਿਆਚਾਰਕ ਸਮਾਜ ਵਿੱਚ ਭਾਸ਼ਾਈ ਵਿਹਾਰ ਹੋਰ ਵੀ ਜਟਿਲ ਹੋ ਸਕਦਾ ਹੈ। ਲੈਬੋਵ ਨੇ ਵਰਗ, ਉਮਰ, ਲਿੰਗ ਅਤੇ ਸ਼ੈਲੀ ਵਰਗੇ ਕਾਰਕਾਂ ਨੂੰ ਮਹੱਤਵ ਦਿੱਤਾ, ਪਰ ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਮੰਨਦਾ ਹੈ ਕਿ ਪਛਾਣ ਇੱਕ ਬਹੁ-ਪੱਖੀ ਪ੍ਰਕਿਰਿਆ ਹੈ। ਲੈਬੋਵ ਦੀ Quantitative Sociolinguistics ਨੇ ਬਹੁਤ ਯੋਗਦਾਨ ਦਿੱਤਾ, ਪਰ ਕੁਝ ਆਲੋਚਕ ਮੰਨਦੇ ਹਨ ਕਿ ਕੇਵਲ ਅੰਕੜੇ ਭਾਸ਼ਾ ਦੇ ਸੱਭਿਆਚਾਰਕ ਅਤੇ ਭਾਵਨਾਤਮਕ ਅਰਥਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਾ ਸਕਦੇ। ਉਦਾਹਰਨ ਵਜੋਂ, ਕਿਸੇ ਭਾਸ਼ਾਈ ਰੂਪ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰ ਉਸ ਰੂਪ ਨਾਲ ਜੁੜੀ ਪਛਾਣ ਜਾਂ ਭਾਵਨਾ ਨੂੰ ਸਮਝਣ ਲਈ ਗੁਣਾਤਮਕ ਅਧਿਐਨ ਵੀ ਜ਼ਰੂਰੀ ਹੈ।

ਵਿਲੀਅਮ ਲੈਬੋਵ ਦੇ ਸਿਧਾਂਤਾਂ ਨੇ ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਭਾਸ਼ਾ ਇੱਕ ਸਮਾਜਿਕ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖੀ ਪਛਾਣ, ਸਮਾਜਿਕ ਬਣਤਰ ਅਤੇ ਸੱਭਿਆਚਾਰਕ ਮੁੱਲ ਪ੍ਰਗਟ ਹੁੰਦੇ ਹਨ। ਉਨ੍ਹਾਂ ਦੀ ਵੱਖਰੇਵੇਂ ਦਾ ਸਿਧਾਂਤ, ਸਮੂਹਿਕ ਭਾਸ਼ਣ (Variation Theory, Speech Community) ਦੀ ਧਾਰਨਾ, ਵਰਨਾਕੁਲਰ (Vernacular) ਦਾ ਅਧਿਐਨ ਅਤੇ ਭਾਸ਼ਾਈ ਪਰਿਵਰਤਨ ਦਾ ਮਾਡਲ ਅੱਜ ਵੀ ਸਮਾਜ-ਭਾਸ਼ਾ ਵਿਗਿਆਨ ਦੇ ਮੁੱਖ ਆਧਾਰ ਹਨ। ਭਾਵੇਂ ਉਨ੍ਹਾਂ ਦੇ ਸਿਧਾਂਤਾਂ ਦੀਆਂ ਕੁਝ ਸੀਮਾਵਾਂ ਹਨ, ਪਰ ਇਹ ਸੀਮਾਵਾਂ ਉਨ੍ਹਾਂ ਦੇ ਯੋਗਦਾਨ ਨੂੰ ਘਟਾਉਂਦੀਆਂ ਨਹੀਂ। ਇਸ ਦੀ ਬਜਾਏ, ਆਧੁਨਿਕ ਖੋਜਕਾਰ ਲੈਬੋਵ

ਦੀ ਪਹੁੰਚ ਨੂੰ ਨਵੇਂ ਸਮਾਜਿਕ, ਸੱਭਿਆਚਾਰਕ ਅਤੇ ਡਿਜ਼ਿਟਲ ਸੰਦਰਭਾਂ ਵਿੱਚ ਵਿਸਤਾਰ ਰਹੇ ਹਨ। ਇਸ ਤਰ੍ਹਾਂ ਲੈਬੋਵ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਉਨ੍ਹਾਂ ਨੇ ਭਾਸ਼ਾ ਨੂੰ ਜੀਵੰਤ ਸਮਾਜਿਕ ਪ੍ਰਣਾਲੀ ਵਜੋਂ ਸਮਝਣ ਦੀ ਵਿਗਿਆਨਕ ਦ੍ਰਿਸ਼ਟੀ ਪ੍ਰਦਾਨ ਕੀਤੀ। ਵਿਲੀਅਮ ਲੈਬੋਵ ਨੇ ਸਮਾਜ-ਭਾਸ਼ਾ ਵਿਗਿਆਨ ਨੂੰ ਸਿਰਫ਼ ਇੱਕ ਅਕਾਦਮਿਕ ਵਿਸ਼ਾ ਨਹੀਂ ਰਹਿਣ ਦਿੱਤਾ, ਸਗੋਂ ਇਸ ਨੂੰ ਵਿਵਹਾਰਿਕ, ਵਿਗਿਆਨਕ ਅਤੇ ਸਮਾਜ-ਕੇਂਦ੍ਰਿਤ ਸਿੱਖਿਆ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਭਾਸ਼ਾਈ ਭਿੰਨਤਾ ਨਿਯਮਬੱਧ ਹੁੰਦੀ ਹੈ ਅਤੇ ਭਾਸ਼ਾ ਵਿੱਚ ਹੋਣ ਵਾਲੇ ਪਰਿਵਰਤਨ ਸਮਾਜਿਕ ਪਹਿਲੂਆਂ ਨਾਲ ਡੂੰਘੇ ਤੌਰ 'ਤੇ ਜੁੜੇ ਹੁੰਦੇ ਹਨ। ਉਨ੍ਹਾਂ ਦੇ ਅਧਿਐਨਾਂ ਨੇ ਭਾਸ਼ਾ ਵਿਗਿਆਨ ਨੂੰ ਸੰਰਚਨਾਤਮਕ ਦ੍ਰਿਸ਼ਟੀਕੋਣ ਤੋਂ ਅੱਗੇ ਵਧਾ ਕੇ ਮਨੁੱਖੀ ਸਮਾਜ, ਪਛਾਣ ਅਤੇ ਵਿਵਹਾਰ ਨਾਲ ਜੋੜਿਆ। ਅੱਜ ਵੀ ਸਮਾਜ-ਭਾਸ਼ਾ ਵਿਗਿਆਨ, ਭਾਸ਼ਾਈ ਨੀਤੀ, ਬੋਲੀ ਅਧਿਐਨ ਅਤੇ ਭਾਸ਼ਾਈ ਪਰਿਵਰਤਨ ਦੇ ਖੇਤਰ ਵਿੱਚ ਲੈਬੋਵ ਦੇ ਸਿਧਾਂਤ ਮੂਲ ਆਧਾਰ ਵਜੋਂ ਮੰਨੇ ਜਾਂਦੇ ਹਨ। ਇਸ ਕਾਰਨ ਉਨ੍ਹਾਂ ਨੂੰ ਆਧੁਨਿਕ ਸਮਾਜ-ਭਾਸ਼ਾ ਵਿਗਿਆਨ ਦਾ ਸਭ ਤੋਂ ਪ੍ਰਭਾਵਸ਼ਾਲੀ ਵਿਦਵਾਨ ਕਿਹਾ ਜਾਂਦਾ ਹੈ।

## ਹਵਾਲੇ

[1] . https://www.britannica.com/biography/William-Labov

[2] . https://www.researchgate.net/publication/249954910_William_Labov_and_the_origins_of_sociolinguistics

[3] . https://en.wikipedia.org/wiki/William_Labov

[4]. ਡਾ. ਆਤਮ ਸਿੰਘ, ਸਮਾਜ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-74

[5] . Wiliam Labov, What is a Linguistic Fact, The Peter De Ridder Press, Lisse, 1975, p. 27 This agreement in interpretive norms emerged as the basis for a  definition of the speech community from the study of New York City (Labov 1966)

[6] .  Wiliam Labov, What is a Linguistic Fact, The Peter De Ridder Press, Lisse, 1975, p. 40